# ਕ੍ਰਾਈਸਿਸ ਪ੍ਰੈਗਨੈਂਸੀ ਸੈਂਟਰਾਂ ਬਾਰੇ

## ਮੈਨੂੰ ਕੀ ਪਤਾ ਹੋਣਾ ਚਾਹੀਦਾ ਹੈ?

**ਕੈਨੇਡਾ ਵਿੱਚ, ਗਰਭਪਾਤ ਪ੍ਰਦਾਤਾਵਾਂ ਨਾਲੋਂ ਵਧ "ਕ੍ਰਾਈਸਿਸ ਪ੍ਰੈਗਨੈਂਸੀ ਸੈਂਟਰ" ਹਨ।**
ਤੁਹਾਡੇ ਲਈ ਸਹੀ ਸੇਵਾਵਾਂ ਲੱਭਣ ਵਿੱਚ ਤੁਹਾਡੀ ਮਦਦ ਕਰਨ ਲਈ ਇੱਥੇ ਕੁਝ ਜਾਣਕਾਰੀ ਹੈ।

### ਕ੍ਰਾਈਸਿਸ ਪ੍ਰੈਗਨੈਂਸੀ ਸੈਂਟਰ ਕੀ ਹਨ?

**ਕ੍ਰਾਈਸਿਸ ਪ੍ਰੈਗਨੈਂਸੀ ਸੈਂਟਰ (CPC's) ਅਸਲ ਸਿਹਤ ਕੇਂਦਰਾਂ ਵਾਂਗ ਦਿਖਾਈ ਦਿੰਦੇ ਹਨ ਪਰ ਸਾਰੇ ਡਾਕਟਰੀ ਵਿਕਲਪ ਪ੍ਰਦਾਨ ਨਹੀਂ ਕਰਦੇ ਹਨ ।**
ਉਹ ਗਰਭਪਾਤ ਵਿਰੋਧੀ ਸੰਸਥਾਵਾਂ ਦੁਆਰਾ ਚਲਾਏ ਜਾਂਦੇ ਹਨ ਅਤੇ ਜਿਨਸੀ ਸਿਹਤ, ਜਨਮ ਨਿਯੰਤਰਣ, ਗਰਭ ਅਵਸਥਾ ਅਤੇ ਗਰਭਪਾਤ ਬਾਰੇ ਗਲਤ ਜਾਣਕਾਰੀ ਅਤੇ ਝੂਠ ਫੈਲਾਉਨਦੇ ਹਨ।

**ਉਹ ਤੁਹਾਨੂੰ ਡਰਾਉਣ, ਸ਼ਰਮਿੰਦਾ ਕਰਨ ਜਾਂ ਗਰਭਪਾਤ ਕਰਵਾਉਣ ਲਈ ਦਬਾਅ ਪਾਉਣ ਦੀ ਕੋਸ਼ਿਸ਼ ਕਰ ਸਕਦੇ ਹਨ।**

**ਇਹਨਾਂ ਵਿੱਚੋਂ ਜ਼ਿਆਦਾਤਰ ਜਾਇਜ਼ ਮੈਡੀਕਲ ਕਲੀਨਿਕ ਨਹੀਂ ਹੁੰਦੇ ਹਨ, ਪਰ ਇਹ ਪੇਸ਼ੇਵਰ ਸਟਾਫ, ਉਪਕਰਣ ਅਤੇ ਵੈੱਬਸਾਈਟ ਨਾਲ ਸਮਰਥਕ ਦਿਖਣ ਦੀ ਕੋਸ਼ਿਸ਼ ਕਰ ਸਕਦੇ ਹਨ।**
ਅਸਲ ਸਿਹਤ ਪ੍ਰਦਾਤਾਵਾਂ ਦੇ ਉਲਟ, ਇਹਨਾਂ ਕਲੀਨਿਕਾਂ ਨੂੰ PHIPA ਦੀ ਪਾਲਣਾ ਕਰਨ ਅਤੇ ਤੁਹਾਡੀ ਸਿਹਤ ਜਾਣਕਾਰੀ ਨੂੰ ਨਿੱਜੀ ਅਤੇ ਸੁਰੱਖਿਅਤ ਰੱਖਣ ਦੀ ਲੋੜ ਨਹੀਂ ਹੈ।

### ਉਹਨਾਂ ਨੂੰ ਹੋਰ ਕੀ ਕਿਹਾ ਜਾ ਸਕਦਾ ਹੈ:

"ਏਬੋਰਸ਼ਨ ਅਲਟਰਨੇਟਿਵਜ਼"
*"Abortion Alternatives"*

" ਬਰਥਰਾਈਟ"
*"Birthright"*

"ਪ੍ਰੈਗਨੈਂਸੀ ਕਰਾਈਸਿਸ ਸੈਂਟਰ"
*"Pregnancy Crisis Centre"*

"ਪ੍ਰੈਗਨੈਂਸੀ ਰਿਸੋਰਸ ਸੈਂਟਰ"
*"Pregnancy Resource Centre"*

"ਵਿਮੈਨਜ਼ ਰਿਸੋਰਸ ਸੈਂਟਰ"
*"Women's Resource Centre"*

"ਪ੍ਰੈਗਨੈਂਸੀ ਹੈਲਪ ਸੈਂਟਰ"
*"Pregnancy Help Centre"*

"ਪ੍ਰੈਗਨੈਂਸੀ ਕੇਅਰ ਸੈਂਟਰ"
*"Pregnancy Care Centre"*

### ਟੋਰਾਂਟੋ ਵਿੱਚ ਸੀ.ਪੀ.ਸੀ

- **ਐਡ ਟੂ ਵਿਮੈਨ ਕ੍ਰਾਇਸਿਸ ਪ੍ਰੈਗਨੈਂਸੀ ਸੈਂਟਰ *(Aid to Women Crisis Pregnancy Centre)*** *(aidtowomen.ca)*
- ਬਰਥਰਾਈਟ ਇੰਟਰਨੈਸ਼ਨਲ (***Birthright International)*** *(birthright.org)*
- ਪ੍ਰੈਗਨੈਂਸੀ ਕੇਅਰ ਸੈਂਟਰ ਟੋਰਾਂਟੋ (***Pregnancy Care Centre Toronto)*** *(www.iamnotalone.ca)*
- ਵਿਜ਼ਿਟੇਸ਼ਨ ਸੈਂਟਰ ਪ੍ਰੈਗਨੈਂਸੀ ਸਪੋਰਟ (***Visitation Centre Pregnancy Support)****(visitationcentreca.org)*

ਐਬੋਰਸ਼ਨ ਰਾਈਟਸ ਕੋਲੀਸ਼ਨ ਆਫ ਕੈਨੇਡਾ - ਪੂਰੇ ਕੈਨੇਡਾ ਵਿੱਚ ਗਰਭਪਾਤ ਵਿਰੋਧੀ ਸੰਗਠਨਾਂ ਦੀ ਸੂਚੀ: https://www.arcc-cdac.ca/media/2020/06/list-anti-choice-groups-province-city.pdf

### ਆਪਣੇ ਨੇੜੇ ਇੱਕ ਪ੍ਰਦਾਤਾ ਲੱਭੋ

**ਕਿਸ਼ੋਰ ਸਿਹਤ ਸੋਰਸ (Youth health resources):**
GTA ਵਿੱਚ ਗਰਭਪਾਤ ਪ੍ਰਦਾਤਾ

### ਚੇਤਾਵਨੀ ਦੇ ਚਿੰਨ੍ਹ

**ਉਹ ਮੁਫ਼ਤ ਸੇਵਾਵਾਂ ਜਿਵੇਂ** ਗਰਭਪਾਤ ਟੈਸਟ, ਸਲਾਹ, ਪ੍ਰੀ-ਗਰਭਪਾਤ ਸਕ੍ਰੀਨਿੰਗ ਜਾਂ ਗਰਭਪਾਤ ਦੀ ਸਿੱਖਿਆ ਪ੍ਰਦਾਨ ਕਰਦੇ ਹਨ**, ਪਰ ਗਰਭਪਾਤ ਕਰਵਾਉਣ ਵਿੱਚ ਤੁਹਾਡੀ ਮਦਦ ਨਹੀਂ ਕਰਦੇ।**

**ਉਹ ਪ੍ਰਭਾਵੀ ਜਨਮ ਨਿਯੰਤਰਣ ਵਿਧੀਆਂ ਜਿਵੇਂ ਕਿ ਕੰਡੋਮ, ਗੋਲੀ, ਪੈਚ, ਰਿੰਗ, ਸ਼ਾਟ, IUD ਜਾਂ ਇਮਪਲਾਂਟ ਪ੍ਰਦਾਨ ਨਹੀਂ ਕਰਦੇ ਹਨ।**

**ਉਹ ਤੁਹਾਨੂੰ ਗਰਭਪਾਤ ਬਾਰੇ ਕੁੱਝ ਇਹ ਮਿਥਿਆਂਵਾਂ ਦੱਸਦੇ ਹਨ:**
- "ਤੁਸੀਂ ਗਰਭਪਾਤ ਨੂੰ ਰੱਦ ਕਰ ਸਕਦੇ ਹੋ।" **ਇਹ ਸੱਚ ਨਹੀਂ ਹੈ।**
- "ਅਬਾਰਸ਼ਨ ਅਸੁਰੱਖਿਤ ਹੈ ਜਾਂ ਤੁਹਾਡੇ ਕੇਂਸਰ, ਬੰਝਪਨ ਜਾਂ ਮਾਨਸਿਕ ਸਿਹਤ ਵਰਗੀਆਂ ਸਮੱਸਿਆਵਾਂ ਦੇ ਜੋਖਮ ਨੂੰ ਵਧਾ ਸਕਦਾ ਹੈ।" **ਇਹ ਗੱਲ ਸੱਚ ਨਹੀਂ ਹੈ**, ਅਬਾਰਸ਼ਨ ਇੱਕ ਸਭ ਤੋਂ ਸੁਰੱਖਿਅਤ ਡਾਕਟਰੀ ਪ੍ਰਕਿਆ ਹੈ ਅਤੇ ਇਹਨਾਂ ਸਿਹਤ ਸਮੱਸਿਆਵਾਂ ਦੇ ਤੁਹਾਡੇ ਜੋਖਮ ਨੂੰ ਨਹੀਂ ਵਧਾਉਂਦਾ ਹੈ।".

ਤੁਹਾਡੇ ਨਾ ਚਾਹੁੰਦੇ ਹੋਏ ਵੀ, ਉਹ ਧਰਮ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹ ਤੁਹਾਡੀ ਗਰਭ ਅਵਸਥਾ ਨੂੰ ਜਾਰੀ ਰੱਖਣ ਜਾਂ ਜਨਮ ਤੋਂ ਬਾਅਦ ਬੱਚੇ ਨੂੰ ਗੋਦ ਦੇਣ ਲਈ ਤੁਹਾਡੇ 'ਤੇ ਦਬਾਅ ਪਾਉਂਦੇ ਹਨ।

### ਇਹ ਕਿਵੇਂ ਪਤਾ ਲਗਾਇਆ ਜਾ ਸਕਦਾ ਹੈ ਕਿ ਕੀ ਇੱਕ ਕਲੀਨਿਕ ਗਰਭਪਾਤ ਦਾ ਸਮਰਥਨ ਕਰਨ ਵਾਲਾ ਸਿਹਤ ਕੇਂਦਰ ਹੈ

**ਕਲੀਨਿਕ ਨੂੰ ਕਾਲ ਕਰੋ ਅਤੇ ਉਹਨਾਂ ਦੀਆਂ ਸੇਵਾਵਾਂ ਬਾਰੇ ਪੁੱਛੋ।** ਜੇ ਉਹ ਸੇਵਾਵਾਂ ਬਾਰੇ ਸਪੱਸ਼ਟ ਨਹੀਂ ਹਨ, ਜਾਂ ਕਹਿੰਦੇ ਹਨ ਕਿ ਉਹ ਗਰਭਪਾਤ ਜਾਂ ਪ੍ਰਭਾਵੀ ਜਨਮ ਨਿਯੰਤਰਣ ਵਿਧੀਆਂ ਪ੍ਰਦਾਨ ਨਹੀਂ ਕਰਦੇ ਹਨ ਅਤੇ ਅਜਿਹਾ ਕਲੀਨਿਕ ਲੱਭਣ ਵਿੱਚ ਤੁਹਾਡੀ ਮਦਦ ਨਹੀਂ ਕਰਨਗੇ, ਜੋ ਅਜਿਹਾ ਕਰਦਾ ਹੈ, ਤਾਂ ਉਹ ਸ਼ਾਇਦ ਗਰਭਪਾਤ ਦਾ ਸਮਰਥਨ ਕਰਨ ਵਾਲਾ ਸਿਹਤ ਕੇਂਦਰ ਨਹੀਂ ਹੈ।

**ਆਪਣੇ ਅਨੁਭਵ 'ਤੇ ਭਰੋਸਾ ਕਰੋ!** ਜੇਕਰ ਤੁਸੀਂ ਕਿਸੇ ਕਲੀਨਿਕ ਵਿੱਚ ਅਸਹਿਜ ਮਹਿਸੂਸ ਕਰਦੇ ਹੋ, ਤਾਂ ਤੁਹਾਨੂੰ ਕਿਸੇ ਵੀ ਸਮੇਂ ਕਲੀਨਿਕ ਛੱਡਣ ਦਾ ਅਧਿਕਾਰ ਹੈ। **ਪ੍ਰੋ-ਚੋਇਸ ਹੈਲਥ ਸੈਂਟਰ ਤੁਹਾਡੇ ਵਿਕਲਪਾਂ ਦਾ ਪੱਖਪਾਤ ਕੀਤੇ ਬਿਨਾਂ ਤੁਹਾਨੂੰ ਸੱਚੀ ਜਾਣਕਾਰੀ ਦੇਣਗੇ ਤਾਂ ਜੋ ਤੁਸੀਂ ਆਪਣੇ ਲਈ ਫੈਸਲਾ ਕਰ ਸਕੋ ਕਿ ਤੁਹਾਡੇ ਲਈ ਕੀ ਸਹੀ ਹੈ।**

### ਅਜੇ ਵੀ ਸਵਾਲ ਹਨ?

**ਐਕਸ਼ਨ ਕੈਨੇਡਾ ਫਾਰ ਸੈਕਸੁਅਲ ਹੈਲਥ ਐਂਡ ਰਾਈਟਸ ਆਪਸ਼ਨਜ਼ ਹੌਟਲਾਈਨ** ਜਿਨਸੀ ਸਿਹਤ, ਗਰਭ ਅਵਸਥਾ ਦੇ ਵਿਕਲਪਾਂ, ਗਰਭਪਾਤ ਅਤੇ ਸੁਰੱਖਿਅਤ ਸੈਕਸ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਉਹ ਜਿਨਸੀ ਸਿਹਤ ਪ੍ਰਦਾਤਾਵਾਂ ਨੂੰ ਰੈਫਰਲ ਵੀ ਪ੍ਰਦਾਨ ਕਰਦੇ ਹਨ।
- **1-888-642-2725 'ਤੇ ਕਾਲ** ਕਰੋ ਜਾਂ **613-800-6757, 9AM - 9PM EST** ਹਫ਼ਤੇ ਦੇ 7 ਦਿਨ ਟੈਕਸਟ ਕਰੋ

**PlannedParenthood.org** ਜਿਨਸੀ ਅਤੇ ਪ੍ਰਜਨਨ ਸਿਹਤ ਬਾਰੇ ਭਰੋਸੇਯੋਗ ਜਾਣਕਾਰੀ ਅਤੇ ਸਰੋਤ ਪ੍ਰਦਾਨ ਕਰਦਾ ਹੈ।
- **ਵੈੱਬਸਾਈਟ ਰਾਹੀਂ ਲਾਈਵ ਚੈਟ (live chat) ਕਰੋ ਜਾਂ ਆਪਣਾ ਸਵਾਲ 774636 'ਤੇ ਲਿਖੋ (text)**

YOUTH WELLNESS LAB
THE CART ACCESS PROJECT
Financial contribution: Health Canada Santé Canada
FACTOR-INWENTASH FACULTY OF SOCIAL WORK UNIVERSITY OF TORONTO

*a) The views expressed herein do not necessarily represent the views of Health Canada.*
*b) Les opinions exprimées ici ne représentent pas nécessairement celles de Santé Canada.*
c) ਇੱਥੇ ਪ੍ਰਗਟਾਏ ਗਏ ਵਿਚਾਰ ਜ਼ਰੂਰੀ ਤੌਰ 'ਤੇ ਹੈਲਥ ਕੈਨੇਡਾ ਦੇ ਵਿਚਾਰਾਂ ਨੂੰ ਦਰਸਾਉਂਦੇ ਨਹੀਂ ਹਨ ।